**Annual Syllabus (2025-26)**

**Class- VII**

**Subject- Punjabi**

| **ਮਾਣਕ-ਮਾਲਾ ਭਾਗ-2 (ਪਾਠ ਸੰਖਿਆ ਅਤੇ ਨਾਂ)** | **ਵਿਸ਼ਾ-ਵਸਤੂ** | **ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ** | **ਸਿੱਖਣ ਉਦੇਸ਼ (ਸੁਝਾਤਮਕ)** | **ਸਿੱਖਣ ਨਤੀਜੇ (ਸੁਝਾਤਮਕ)** | **ਸੁਝਾਈਆਂ ਗਈਆਂ ਗਤੀਵਿਧੀਆਂ** |
|---|---|---|---|---|---|
| **ਪਾਠ-1**<br>**ਮਾਂ-ਬੋਲੀ ਪੰਜਾਬੀ**<br>**(ਕਵਿਤਾ)** | ਇਸ ਕਵਿਤਾ ਵਿੱਚ ਮਾਂ-ਬੋਲੀ ਪੰਜਾਬੀ ਦਾ ਗੁਣ-ਗਾਣ ਕੀਤਾ ਗਿਆ ਹੈ। | ਮਿਲਾਨ ਕਰੋ,<br>ਵਾਕ ਬਣਾਉ। | ਵਿਦਿਆਰਥੀ<br>-ਕਵਿਤਾ ਵਿੱਚ ਰੁਚੀ ਰੱਖਣਗੇ।<br>-ਕਵੀ ਦੇ ਭਾਵ, ਕਲਪਨਾ, ਵਿਚਾਰਾਂ ਨੂੰ ਸਮਝ ਸਕਣਗੇ।<br>-ਵਿਦਿਆਰਥੀਆਂ ਅੰਦਰ ਆਪਣੀ ਮਾਂ-ਬੋਲੀ ਪ੍ਰਤੀ ਮਾਣ ਦੀ ਭਾਵਨਾ ਵਿਕਸਿਤ ਹੋਵੇਗੀ। | ਵਿਦਿਆਰਥੀ<br>-ਸੁਰ,ਤਾਲ ਅਤੇ ਲੈਅ ਨਾਲ ਕਵਿਤਾ ਦਾ ਆਦਰਸ਼ ਵਾਚਨ ਕਰਦੇ ਹਨ ਅਤੇ ਕਵਿਤਾ ਦਾ ਆਨੰਦ ਮਾਣਦੇ ਹਨ।<br>-ਮਾਂ-ਬੋਲੀ ਬਾਰੇ ਜਾਣਕਾਰੀ ਰੱਖਦੇ ਹਨ।<br>-ਕਵਿਤਾ ਦਾ ਕੇਂਦਰੀ ਭਾਵ ਜਮਾਤ ਵਿੱਚ ਸੁਣਾਉਂਦੇ ਹਨ। | -ਕਵਿਤਾ ਦੇ ਭਾਵ-ਅਰਥ ਸਮਝਾਉਂਦੇ ਹੋਏ ਔਖੇ ਸ਼ਬਦ-ਅਰਥ ਲਿਖਵਾਉਣਾ ਅਤੇ ਨਾਲ ਹੀ ਕਵਿਤਾ ਵਿੱਚ ਆਈਆਂ ਮਾਤਰਾਵਾਂ ਦੀ ਦੁਹਰਾਈ ਕਰਵਾਉਣਾ।<br>-ਮਾਂ-ਬੋਲੀ ਦਾ ਜੀਵਨ ਵਿੱਚ ਮਹੱਤਵ ਸਮਝਾਉਣਾ।<br>-ਕਵਿਤਾ ਦੀਆਂ ਤੁਕਾਂ ਦਾ ਵਾਰ-ਵਾਰ ਉਚਾਰਨ ਕਰਵਾ ਕੇ ਅਭਿਆਸ ਕਰਾਉਣਾ। |
| **ਪਾਠ-2**<br>**ਕੰਮ ਅਤੇ ਭਗਤੀ**<br>**(ਕਹਾਣੀ)** | ਕੰਮ ਨੂੰ ਹੀ ਭਗਤੀ ਦੱਸਿਆ ਗਿਆ ਹੈ। | ਗੁਰਮੁਖੀ ਸ਼ਬਦ, ਨਾਂਵ ਅਤੇ ਕਿਸਮਾਂ ਬਾਰੇ ਵਿਹਾਰਕ ਪ੍ਰਸ਼ਨ। | -ਕਹਾਣੀ ਵਿਧਾ ਤੋਂ ਜਾਣੂ ਹੋਣਗੇ। | -ਕਹਾਣੀ ਪੜ੍ਹਦੇ ਹਨ।<br>-ਪਾਠ ਅਭਿਆਸ ਲਿਖਦੇ ਹਨ। | -ਅਧਿਆਪਕ ਜਮਾਤ ਵਿੱਚ ਅਜਿਹਾ ਮਾਹੌਲ ਬਣਾਵੇ ਕਿ ਵਿਦਿਆਰਥੀਆਂ |

| | | | | | |
|---|---|---|---|---|---|
| | | | - ਵਿਦਿਆਰਥੀਆਂ ਦੇ ਗਿਆਨ, ਕਲਪਨਾ ਸ਼ਕਤੀ ਅਤੇ ਸਿਰਜਨਾਤਮਕਤਾ ਵਿੱਚ ਵਾਧਾ ਹੋਵੇਗਾ।<br>-ਕਹਾਣੀ ਤੋਂ ਪ੍ਰੇਰਨਾ ਲੈ ਸਕਣਗੇ।<br>-ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਨਾ ਸਿੱਖਣਗੇ। | -ਕੰਮ ਦੇ ਮਹੱਤਵ ਬਾਰੇ ਵਿਚਾਰ ਪੇਸ਼ ਕਰਦੇ ਹਨ।<br>-ਨਾਂਵ ਸ਼ਬਦ ਲਿਖਦੇ ਹਨ। | ਵੱਲੋਂ ਆਪਣੇ ਅਨੁਭਵਾਂ ਦਾ ਪ੍ਰਗਟਾਵਾ ਹੋ ਸਕੇ।<br>-ਵਿਦਿਆਰਥੀ ਕੋਈ ਅਜਿਹਾ ਅਨੁਭਵ ਸਾਂਝਾ ਕਰ ਸਕਣ ਜਿਸ ਕਰਕੇ ਉਹਨਾਂ ਦਾ ਧਿਆਨ ਕੰਮ ਦੇ ਮਹੱਤਵ ਵੱਲ ਗਿਆ ਹੋਵੇ।<br>-ਨਾਂਵ ਅਤੇ ਕਿਸਮਾਂ ਦਾ ਚਾਰਟ ਬਣਵਾਉਣਾ। |
| **ਪਾਠ-3**<br>**ਹੁਣ ਚੀਜ਼ਾਂ ਨਹੀਂ ਗੁਆਚਦੀਆਂ (ਲੇਖ)** | ਚੀਜ਼ਾਂ ਨੂੰ ਉਹਨਾਂ ਦੀ ਨਿਸ਼ਚਿਤ ਥਾਂ ਉੱਤੇ ਰੱਖਣ ਦੀ ਆਦਤ ਪਾਉਣ ਦਾ ਸੁਨੇਹਾ ਦਿੱਤਾ ਗਿਆ ਹੈ। | ਵਾਕ ਬਣਾਉ, ਵਚਨ ਬਦਲੋ, ਨਾਂਵ ਸ਼ਬਦ, ਪੜਨਾਂਵ ਸ਼ਬਦ। | -ਵਿਦਿਆਰਥੀ ਲੇਖ ਵਿਧਾ ਤੋਂ ਜਾਣੂ ਹੋਣਗੇ।<br>-ਪਾਠ ਪੜ੍ਹ ਕੇ ਆਏ ਵਿਚਾਰਾਂ ਨੂੰ ਸਮਝਣ ਦੇ ਯੋਗ ਹੋਣਗੇ। | -ਚੀਜ਼ਾਂ ਨੂੰ ਨਿਸ਼ਚਿਤ ਟਿਕਾਣੇ ਉੱਤੇ ਰੱਖਣ ਬਾਰੇ ਸਿੱਖਦੇ ਹਨ।<br>-ਨਾਂਵ ਦੀ ਪਰਿਭਾਸ਼ਾ ਸਮਝਦੇ ਹਨ ਤੇ ਕਿਸਮਾਂ ਪਛਾਣਦੇ ਹਨ।<br>-ਪੜਨਾਂਵ ਸ਼ਬਦਾਂ ਦੀ ਪਛਾਣ ਕਰਦੇ ਹਨ। | -ਪਾਠ ਪੜ੍ਹਨ ਉਪਰੰਤ ਵਿਦਿਆਰਥੀਆਂ ਨੂੰ ਚੀਜ਼ਾਂ ਦੇ ਰੱਖ-ਰਖਾਵ ਬਾਰੇ ਆਈ ਸਮਝ ਉੱਤੇ ਚਰਚਾ।<br>-ਵਿਦਿਆਰਥੀ ਆਪਣੀਆਂ ਚੀਜ਼ਾਂ/ਘਰ ਦੀਆਂ ਚੀਜ਼ਾਂ/ਸਕੂਲ ਦੀਆਂ ਵਸਤਾਂ ਦੀ ਸਾਂਭ-ਸੰਭਾਲ ਕਿਵੇਂ ਕਰਦੇ ਹਨ? ਇਸਦੀ ਪੇਸ਼ਕਾਰੀ ਕਰ ਸਕਦੇ ਹਨ।<br>-ਬਹੁਤ ਸਾਰੇ ਸ਼ਬਦ ਦੇ ਕੇ ਨਾਂਵ ਸ਼ਬਦ ਚੁਣਨ ਲਈ ਦਿੱਤੇ ਜਾ ਸਕਦੇ ਹਨ।<br>-ਪੜਨਾਂਵ ਦੀ ਪਰਿਭਾਸ਼ਾ ਸਪਸ਼ਟ ਕਰਨੀ।<br>-ਪੜਨਾਂਵ ਸ਼ਬਦ ਦੇ ਕੇ ਵਾਕ ਬਣਾਉਣ ਲਈ ਸਹਾਇਤਾ ਕਰਨੀ। |

| | | | | | |
|---|---|---|---|---|---|
| **ਪਾਠ-4**<br>**ਇੱਕ ਯਾਦਗਾਰੀ ਸਫ਼ਰ (ਯਾਤਰਾ)** | ਇਸ ਯਾਤਰਾ ਵਿੱਚ ਮਸ਼ਹੂਰ ਸਥਾਨ 'ਪੁਰੀ' ਬਾਰੇ ਜਾਣਕਾਰੀ ਦਿੱਤੀ ਗਈ ਹੈ। | ਗੁਰਮੁਖੀ ਸ਼ਬਦ, ਵਿਰੋਧੀ ਸ਼ਬਦ, ਆਮ ਨਾਂਵ ਤੇ ਖਾਸ ਨਾਂਵ ਦਾ ਅੰਤਰ, ਪੜਨਾਂਵ ਸ਼ਬਦਾਂ ਦੀ ਪਛਾਣ। | -ਵਿਦਿਆਰਥੀ ਸਫ਼ਰਨਾਮਾ ਵਿਧਾ ਤੋਂ ਜਾਣੂ ਹੋਣਗੇ।<br>-ਆਪਣੀ ਕਿਸੇ ਯਾਤਰਾ ਬਾਰੇ ਚਰਚਾ ਕਰਨਗੇ।<br>-ਆਪਣੇ ਦੁਆਰਾ ਕੀਤੀ ਯਾਤਰਾ ਬਾਰੇ ਕੁਝ ਸਤਰਾਂ ਲਿਖ ਸਕਣਗੇ। | - 'ਪੁਰੀ' ਬਾਰੇ ਵਿਸਤਾਰ ਸਹਿਤ ਜਾਣਕਾਰੀ ਰੱਖਦੇ ਹਨ।<br>-ਖਾਸ ਨਾਂਵ ਦੀ ਪਛਾਣ ਕਰਦੇ ਹਨ।<br>-ਆਪਣੀ ਕਿਸੇ ਯਾਤਰਾ ਬਾਰੇ ਚਰਚਾ ਕਰਦੇ ਹਨ। | -ਸੈਰ-ਸਪਾਟੇ ਦੇ ਵਿੱਦਿਅਕ ਲਾਭ ਦੱਸਣਾ।<br>-ਵਿਦਿਆਰਥੀਆਂ ਦੇ ਦੋ ਸਮੂਹ ਬਣਵਾ ਕੇ ਵਿਰੋਧੀ ਸ਼ਬਦ ਅਭਿਆਸ ਕਰਾਉਣਾ ਜਿਵੇਂ ਪਹਿਲਾ ਸਮੂਹ-ਦਿਨ ਅਤੇ ਦੂਜਾ ਸਮੂਹ-ਰਾਤ ਆਦਿ। |
| **ਪਾਠ-5**<br>**ਤੇਜਸਵੀ ਰਾਸ਼ਟਰਪਤੀ- ਡਾ. ਅਬਦੁਲ ਕਲਾਮ (ਜੀਵਨੀ)** | ਡਾ. ਅਬਦੁਲ ਕਲਾਮ ਦੇ ਜੀਵਨ,ਸੰਘਰਸ਼ ਤੇ ਪ੍ਰਾਪਤੀਆਂ ਬਾਰੇ ਦੱਸ ਕੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨਾ। | ਗੁਰਮੁਖੀ ਸ਼ਬਦ, ਖਾਸ ਨਾਂਵ, ਲਿੰਗ ਬਦਲੋ, ਵਿਸ਼ੇਸ਼ਣ। | -ਜੀਵਨੀ ਵਿਧਾ ਦੀ ਜਾਣਕਾਰੀ ਹਾਸਲ ਕਰਨਗੇ।<br>-ਪਾਠ ਵਿੱਚ ਆਏ ਵਿਚਾਰਾਂ ਨੂੰ ਲਿਖਣ ਦੀ ਕੋਸ਼ਿਸ਼ ਕਰਨਗੇ।<br>-ਹੋਰ ਜੀਵਨੀਆਂ ਪੜ੍ਹਨ ਲਈ ਪ੍ਰੇਰਿਤ ਹੋਣਗੇ। | -ਡਾ. ਅਬਦੁਲ ਕਲਾਮ ਬਾਰੇ ਜਾਣਕਾਰੀ ਹਾਸਲ ਕਰਦੇ ਹਨ।<br>- ਡਾ. ਅਬਦੁਲ ਕਲਾਮ ਬਾਰੇ ਕੁਝ ਸਤਰਾਂ ਲਿਖਣ ਦਾ ਅਭਿਆਸ ਕਰਦੇ ਹਨ। | -ਪਾਠ ਪੜ੍ਹਨ ਉਪਰੰਤ ਡਾ. ਅਬਦੁਲ ਕਲਾਮ ਦੇ ਵਿਅਕਤੀਤਵ ਬਾਰੇ ਕੁਝ ਸਤਰਾਂ ਲਿਖਣ ਲਈ ਦਿੱਤੀਆਂ ਜਾ ਸਕਦੀਆਂ ਹਨ।<br>-ਮੌਜੂਦਾ ਰਾਸ਼ਟਰਪਤੀ ਬਾਰੇ ਜਾਣਕਾਰੀ ਇਕੱਠੀ ਕਰਕੇ ਲਿਖਣ ਲਈ ਦਿੱਤੀ ਜਾ ਸਕਦੀ ਹੈ।<br>ਆਪੋ-ਆਪਣੇ ਉਦੇਸ਼/ਟੀਚੇ ਬਾਰੇ ਲੇਖ ਲਿਖਣਾ। |
| **ਪਾਠ-6**<br>**ਭਾਰਤ ਮਾਤਾ (ਕਵਿਤਾ)**<br>**ਸਿਰਫ਼ ਪੜ੍ਹਨ ਲਈ** | ਭਾਰਤ ਦੀ ਅਜ਼ਾਦੀ ਲਈ ਹੋਏ ਸੰਘਰਸ਼ ਅਤੇ ਉਸ ਵਿੱਚ | ਤਸਵੀਰ ਵਰਨਣ।<br>ਭਾਰਤ ਦੇ ਦੇਸ਼-ਭਗਤਾਂ ਬਾਰੇ ਜਾਣਕਾਰੀ। | -ਕਵਿਤਾ ਵਿੱਚ ਰੁਚੀ ਰੱਖਣਗੇ।<br>-ਕਵੀ ਦੇ ਭਾਵ, ਕਲਪਨਾ, ਵਿਚਾਰਾਂ ਨੂੰ ਸਮਝ ਸਕਣਗੇ। | -ਕਵਿਤਾ ਦਾ ਆਨੰਦ ਮਾਣਦੇ ਹਨ।<br>-ਕਵਿਤਾ ਨੂੰ ਜ਼ਬਾਨੀ ਯਾਦ ਕਰਕੇ ਸੁਣਾਉਂਦੇ ਹਨ। | -ਕਵਿਤਾ ਨੂੰ ਯਾਦ ਕਰਵਾ ਕੇ ਜਮਾਤ ਵਿੱਚ ਸੁਣਿਆ ਜਾ ਸਕਦਾ ਹੈ।<br>-ਭਾਰਤ ਦੀ ਅਜ਼ਾਦੀ ਲਈ ਸ਼ਹੀਦ ਹੋਏ ਪੰਜ ਦੇਸ਼ ਭਗਤਾਂ ਦੀਆਂ |

| | | | | | |
|---|---|---|---|---|---|
| | ਸ਼ਹੀਦੀਆਂ ਦੇਣ ਵਾਲੇ ਦੇਸ਼ ਭਗਤਾਂ ਦਾ ਗੁਣਗਾਣ ਹੈ। | | -ਦਿੱਲੀ ਦੇ ਇਤਿਹਾਸ ਬਾਰੇ ਜਾਣਕਾਰੀ ਹਾਸਲ ਕਰਣਗੇ। | -ਦਿੱਲੀ ਬਾਰੇ ਹੋਰ ਜਾਣਕਾਰੀ ਇਕੱਠੀ ਕਰਦੇ ਹਨ। | ਤਸਵੀਰਾਂ ਇਕੱਠੀਆਂ ਕਰਕੇ ਕਾਪੀ ਵਿੱਚ ਚਿਪਕਾ ਕੇ ਉਹਨਾਂ ਦੇ ਪੰਜਾਬੀ ਵਿੱਚ ਨਾਂ ਲਿਖਣ ਲਈ ਦਿੱਤੇ ਜਾ ਸਕਦੇ ਹਨ। |
| **ਪਾਠ-7**<br>**ਬਲਬ ਦਾ ਭੂਤ**<br>**(ਕਹਾਣੀ)** | ਵਹਿਮਾਂ-ਭਰਮਾਂ ਤੋਂ ਦੂਰ ਰਹਿਣ ਅਤੇ ਆਪਣੀ ਸਮਝਦਾਰੀ ਤੋਂ ਕੰਮ ਲੈਣ ਦੀ ਪ੍ਰੇਰਣਾ ਦਿੱਤੀ ਗਈ ਹੈ। | ਵਾਕ ਬਣਾਉ, ਲਿੰਗ ਬਦਲੋ। | -ਵਿਦਿਆਰਥੀ ਕਹਾਣੀ ਦਾ ਵਿਸ਼ਾ-ਵਸਤੂ ਗ੍ਰਹਿਣ ਕਰ ਸਕਣਗੇ।<br>-ਆਪਣੇ ਨਾਲ ਬੀਤੀ ਕਿਸੇ ਘਟਨਾ ਬਾਰੇ ਜਮਾਤ ਵਿੱਚ ਚਰਚਾ ਕਰਨਗੇ। | -ਅੰਧ-ਵਿਸ਼ਵਾਸਾਂ ਪ੍ਰਤੀ ਜਾਗਰੂਕ ਹੋਏ ਹਨ।<br>-ਪਾਠ ਦਾ ਵਿਸ਼ਾ-ਵਸਤੂ ਸਮਝਦੇ ਹਨ। | -ਵਿਦਿਆਰਥੀਆਂ ਨੂੰ ਆਪਣੇ ਮਨ ਵਿੱਚ ਪਾਠ ਦੇ ਵਿਸ਼ੇ ਸੰਬੰਧੀ ਉੱਠੇ ਵਿਚਾਰਾਂ ਨੂੰ ਸਾਂਝਾ ਕਰਨ ਦਾ ਮੌਕਾ ਦਿੱਤਾ ਜਾਵੇ ਅਤੇ ਚਰਚਾ ਕੀਤੀ ਜਾਵੇ।<br>-ਪਾਠ ਵਿੱਚੋਂ ਕੁਝ ਅਸਾਨ ਸ਼ਬਦ ਦੇ ਕੇ ਵਾਕ ਬਣਾਉਣ ਦਾ ਅਭਿਆਸ ਕਰਾਉਣਾ।<br>-ਵਿਦਿਆਰਥੀਆਂ ਨੂੰ ਕੋਈ ਅਜਿਹਾ ਵਾਕਿਆ/ਘਟਨਾ ਸੁਣਾਉਣ ਲਈ ਕਿਹਾ ਜਾਵੇ, ਜਦੋਂ ਉਹਨਾਂ ਦਾ ਕੋਈ ਵਹਿਮ-ਭਰਮ ਟੁੱਟਿਆ ਹੋਵੇ। |
| **ਪਾਠ-8**<br>**ਸਾਡੇ ਜੀਵਨ ਵਿੱਚ ਰੁੱਖ**<br>**(ਲੇਖ)** | ਰੁੱਖਾਂ ਦਾ ਸਾਡੇ ਜੀਵਨ ਵਿੱਚ ਮਹੱਤਵ ਦੱਸਿਆ ਗਿਆ ਹੈ। | ਵਾਕ ਬਣਾਉ, ਵਿਰੋਧੀ ਸ਼ਬਦ, ਦੇਵਨਾਗਰੀ ਸ਼ਬਦ, | -ਵਿਦਿਆਰਥੀ ਲੇਖ ਵਿੱਚ ਆਏ ਵਿਚਾਰਾਂ ਤੋਂ ਜਾਣੂ ਹੋਣਗੇ। | -ਰੁੱਖਾਂ ਦੇ ਲਾਭ ਅਤੇ ਉਹਨਾਂ ਦੀ ਸਾਂਭ-ਸੰਭਾਲ ਬਾਰੇ ਜਾਣਕਾਰੀ ਰੱਖਦੇ ਹਨ। | -ਵਾਤਾਵਰਨ ਸੰਬੰਧੀ ਕੋਈ ਚਿੱਤਰ ਦੇ ਕੇ ਚਿੱਤਰ ਵਰਨਣ ਕਰਵਾਉਣਾ। |

| | | | | | |
|---|---|---|---|---|---|
| | | ਅੱਧਕ ਦਾ ਸ਼ੁੱਧ ਉਚਾਰਨ ਅਤੇ ਵਰਤੋਂ ਢੰਗ। | -ਵਿਦਿਆਰਥੀਆਂ ਨੂੰ ਰੁੱਖਾਂ ਦੀ ਸਾਂਭ-ਸੰਭਾਲ ਬਾਰੇ ਪ੍ਰੇਰਿਤ ਕਰਨਾ। | -ਅੱਧਕ ਦਾ ਸ਼ੁੱਧ ਉਚਾਰਨ/ਵਰਤੋ ਅਤੇ ਲਿਖਣ ਢੰਗ ਸਮਝਦੇ ਹਨ। | -ਅੱਧਕ ਸ਼ਬਦਾਂ ਨੂੰ ਬਲੈਕ-ਬੋਰਡ ਉੱਤੇ ਵਿਦਿਆਰਥੀਆਂ ਦੁਆਰਾ ਅਭਿਆਸ ਕਰਾਉਣਾ।<br>- 'ਰੁੱਖਾਂ ਦੇ ਲਾਭ' ਵਿਸ਼ੇ 'ਤੇ ਵਿਦਿਆਰਥੀਆਂ ਕੋਲੋਂ ਪੰਜ ਸਤਰਾਂ ਲਿਖਵਾਉਣਾ। |
| **ਪਾਠ ਅਭਿਆਸ ਵਿੱਚ ਦਰਜ ਵਿਆਕਰਨ ਤੋਂ ਵਧੀਕ ਵਿਆਕਰਨ ਦੇ ਪਹਿਲੂ** | | ਲੇਖ- ਮੇਰਾ ਸਕੂਲ,<br>ਪੱਤਰ- ਆਪਣੇ ਸਕੂਲ ਮੁਖੀ ਨੂੰ ਪੰਜਾਬੀ ਵਿਸ਼ਾ ਲੈਣ ਲਈ ਬਿਨੈ-ਪੱਤਰ ਲਿਖੋ।<br>ਅਣਡਿੱਠਾ ਪੈਰਾ,<br>ਚਿੱਤਰ/ਦ੍ਰਿਸ਼ ਵਰਨਣ। | -ਵਿਆਕਰਨ ਦੀਆਂ ਵੱਖ-ਵੱਖ ਸ਼੍ਰੇਣੀਆਂ ਦੀ ਜਾਣਕਾਰੀ ਹਾਸਲ ਕਰਨਗੇ।<br>-ਵੱਖ-ਵੱਖ ਵਿਆਕਰਨਕ ਇਕਾਈਆਂ ਵਿਚਲੇ ਅੰਤਰ ਨੂੰ ਸਮਝ ਸਕਣਗੇ।<br>-ਵਿਹਾਰਕ ਵਿਆਕਰਨ ਦਾ ਅਭਿਆਸ ਕਰਨਗੇ। | -ਲੇਖ ਅਤੇ ਪੱਤਰ ਦਾ ਫਾਰਮੇਟ ਸਮਝਦੇ ਹਨ।<br>-ਅਣਡਿੱਠੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਹਨ।<br>-ਚਿੱਤਰ ਦੇਖ ਕੇ ਵਰਨਣ ਕਰਦੇ ਹਨ। | -ਲੇਖ ਅਤੇ ਪੱਤਰ ਦਾ ਫਾਰਮੇਟ ਸਮਝਾਉਣਾ ਅਤੇ ਅਭਿਆਸ ਕਰਾਉਣਾ।<br>-ਅਣਡਿੱਠਾ ਪੈਰਾ ਦੇ ਕੇ ਵਿਦਿਆਰਥੀਆਂ ਤੋਂ ਪ੍ਰਸ਼ਨਾਂ ਦੇ ਉੱਤਰ ਲਿਖਵਾਉਣਾ।<br>-ਚਿੱਤਰ ਵਰਨਣ ਦਾ ਅਭਿਆਸ ਕਰਾਉਣਾ। |

- **ਉਪਰੋਕਤ ਪਾਠਕ੍ਰਮ 6 ਸਤੰਬਰ 2025 ਤੱਕ ਪੂਰਾ ਕਰ ਲਿਆ ਜਾਵੇ।**
- **ਪਹਿਲੀ ਟਰਮ ਲਈ ਦੁਹਰਾਈ ਕਾਰਜ ਕਰ ਲਿਆ ਜਾਵੇ।**

| ਮਾਣਕ-ਮਾਲਾ ਭਾਗ-2 (ਪਾਠ ਸੰਖਿਆ ਅਤੇ ਨਾਂ) | ਵਿਸ਼ਾ-ਵਸਤੂ | ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ | ਸਿੱਖਣ ਉਦੇਸ਼ (ਸੁਝਾਤਮਕ) | ਸਿੱਖਣ ਨਤੀਜੇ (ਸੁਝਾਤਮਕ) | ਸੁਝਾਈਆਂ ਗਈਆਂ ਗਤੀਵਿਧੀਆਂ |
|---|---|---|---|---|---|
| **ਪਾਠ-9**<br>**ਅੱਖੀਆਂ**<br>**(ਕਵਿਤਾ)** | ਅੱਖੀਆਂ ਨੂੰ ਸੰਸਾਰ ਦੀਆਂ ਵਸਤਾਂ ਦੇਖਦੇ ਹੋਏ ਸਹੀ ਨੂੰ ਦੇਖਣ ਅਤੇ ਮੈਲਾ ਹੋਣ ਤੋਂ ਬਚਣ ਲਈ ਕਿਹਾ ਗਿਆ ਹੈ। | ਤਸਵੀਰ ਵਰਨਣ। | -ਵਿਦਿਆਰਥੀ ਕਵਿਤਾ ਵਿੱਚ ਆਏ ਵਿਚਾਰਾਂ ਤੋਂ ਜਾਣੂ ਹੋਣਗੇ।<br>-ਵਿਦਿਆਰਥੀ ਖੁਦ ਕਵਿਤਾ ਲਿਖਣ ਲਈ ਪ੍ਰੇਰਿਤ ਹੋਣਗੇ।<br>-ਕਵਿਤਾ ਮੂੰਹ ਜ਼ੁਬਾਨੀ ਯਾਦ ਕਰਕੇ ਜਮਾਤ ਵਿੱਚ ਸੁਣਾਉਣਗੇ। | -ਕਵਿਤਾ ਮੂੰਹ ਜ਼ੁਬਾਨੀ ਯਾਦ ਕਰਦੇ ਹਨ ਅਤੇ ਜਮਾਤ ਵਿੱਚ ਸੁਣਾਉਂਦੇ ਹਨ।<br>-ਅੱਖਾਂ ਦੀ ਸਾਂਭ-ਸੰਭਾਲ ਕਰਦੇ ਹਨ। | -'ਅੱਖਾਂ ਦੀ ਦੇਖਭਾਲ' ਪ੍ਰਤੀ ਜਾਗਰੂਕ ਕਰਨਾ।<br>-ਆਪੋ-ਆਪਣੀਆਂ ਅੱਖਾਂ ਦੀ ਸੰਭਾਲ ਕਿਵੇਂ ਕਰਦੇ ਹਨ। ਇਸਦੀ ਪੇਸ਼ਕਾਰੀ ਕਰਵਾਈ ਜਾ ਸਕਦੀ ਹੈ।<br>-ਤਕਨੀਕੀ ਯੁਗ ਵਿੱਚ ਮੋਬਾਈਲ/ਟੈਲੀਵਿਜ਼ਨ ਆਦਿ ਦੀ ਸਕਰੀਨ ਨਾਲ ਅੱਖਾਂ 'ਤੇ ਪੈ ਰਹੇ ਪ੍ਰਭਾਵ ਦੀ ਚਰਚਾ/ਵਾਦ-ਵਿਵਾਦ ਕਰਵਾਇਆ ਜਾ ਸਕਦਾ ਹੈ। |
| **ਪਾਠ-10**<br>**ਬੁਲੰਦ ਹੌਂਸਲੇ ਦੀ ਮਿਸਾਲ-ਰਜਿੰਦਰ ਸਿੰਘ ਰਹੇਲੂ**<br>**(ਜੀਵਨੀ)** | ਰਜਿੰਦਰ ਸਿੰਘ ਰਹੇਲੂ ਦੇ ਜੀਵਨ,ਸੰਘਰਸ਼ ਅਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੰਦੇ ਹੋਏ ਪ੍ਰੇਰਿਤ ਕੀਤਾ ਗਿਆ ਹੈ। | ਵਾਕ ਬਣਾਉ,<br>ਗੁਰਮੁਖੀ ਸ਼ਬਦ,<br>ਵਚਨ ਬਦਲੋ। | -ਜੀਵਨੀ ਵਿਧਾ ਤੋਂ ਜਾਣੂ ਹੋਣਗੇ।<br>-ਜੀਵਨੀ ਵਿੱਚ ਆਏ ਵਿਚਾਰਾਂ ਤੋਂ ਪ੍ਰੇਰਣਾ ਲੈਣਗੇ।<br>-ਵਿਦਿਆਰਥੀ ਆਪਣੇ ਆਸ-ਪਾਸ ਵਿਚਰਦੇ ਦਿਵਯਾਂਗ ਵਿਅਕਤੀਆਂ ਪ੍ਰਤੀ ਸੁਹਿਰਦ ਹੋਣਗੇ। | -ਰਜਿੰਦਰ ਸਿੰਘ ਰਹੇਲੂ ਦੇ ਸੰਘਰਸ਼ ਅਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਰੱਖਦੇ ਹਨ।<br>-ਹੌਸਲੇ ਨਾਲ ਵੱਡੀ ਤੋਂ ਵੱਡੀ ਔਕੜ ਹਲ ਕਰਨ ਬਾਰੇ ਸਿੱਖਦੇ ਹਨ। | -ਵਿਸ਼ੇਸ਼ ਯੋਗਤਾ ਰੱਖਦੇ ਵਿਅਕਤੀਆਂ ਪ੍ਰਤੀ ਸੁਹਿਰਦ ਰਹਿਣ ਦੀ ਪ੍ਰੇਰਨਾ ਦੇਣਾ।<br>-ਕਿਸੇ ਪ੍ਰਸਿੱਧ ਖਿਡਾਰੀ ਬਾਰੇ ਪੰਜ ਸਤਰਾਂ ਲਿਖਣ ਲਈ ਦੇਣਾ।<br>-ਵਿਦਿਆਰਥੀਆਂ ਦੇ ਛੋਟੇ-ਛੋਟੇ ਸਮੂਹਾਂ ਵਿੱਚ ਰਜਿੰਦਰ ਸਿੰਘ ਰਹੇਲੂ |

| | | | | | |
|---|---|---|---|---|---|
| | | | -ਵਿਦਿਆਰਥੀ ਇਹ ਵੀ ਸਿੱਖਣਗੇ ਕਿ ਦਿਵਯਾਂਗਤਾ ਕਿਸੇ ਵੀ ਤਰਾਂ ਸੁਫ਼ਨੇ ਪੂਰੇ ਕਰਨ ਵਿੱਚ ਰੋਕ ਨਹੀਂ ਹੈ। | | ਦੇ ਜੀਵਨ ਤੋਂ ਮਿਲੀ ਸਿੱਖਿਆ ਬਾਰੇ ਚਰਚਾ ਕਰਕੇ ਉਸ ਸਮੂਹ ਵਿੱਚੋਂ ਕਿਸੇ ਇੱਕ ਸਾਥੀ ਨੂੰ ਜਮਾਤ ਸਾਹਮਣੇ ਆਪਣੇ ਸਮੂਹ ਵਿੱਚ ਹੋਈ ਚਰਚਾ ਦਾ ਨਿਚੋੜ ਦੱਸਣ ਲਈ ਕਿਹਾ ਜਾਵੇ।ਹਰੇਕ ਵਿਦਿਆਰਥੀ ਦੀ ਭਾਗੀਦਾਰੀ ਯਕੀਨੀ ਬਣਾਈ ਜਾਵੇ। |
| **ਪਾਠ-11**<br>**ਪੰਛੀਆਂ ਦੇ ਹਸਪਤਾਲ ਦੀ ਯਾਤਰਾ**<br>**(ਲੇਖ)** | ਪੰਛੀਆਂ ਦੇ ਹਸਪਤਾਲ ਦੀ ਯਾਤਰਾ ਰਾਹੀਂ ਪੰਛੀਆਂ ਦੇ ਹਸਪਤਾਲ ਖੁੱਲਣ, ਪੰਛੀਆਂ ਦੀ ਦੇਖਭਾਲ,ਬਿਮਾਰੀ ਦੇ ਲੱਛਣ ਅਤੇ ਬਚਾਓ ਬਾਰੇ ਜਾਣਕਾਰੀ ਦਿੱਤੀ ਗਈ ਹੈ। | ਵਿਸ਼ੇਸ਼ਣ ਸ਼ਬਦਾਂ ਦੀ ਪਛਾਣ, ਵਾਕ ਬਣਾਉ। | -ਵਿਦਿਆਰਥੀ ਆਪਣੇ ਆਲੇ-ਦੁਆਲੇ ਦੇ ਵਾਤਾਵਰਨ ਪ੍ਰਤੀ ਚੇਤੰਨ ਹੋਣਗੇ।<br>-ਪੰਛੀਆਂ ਬਾਰੇ ਜਾਣਕਾਰੀ ਹਾਸਲ ਕਰਨਗੇ।<br>-ਪੰਛੀਆਂ ਦੇ ਹਸਪਤਾਲ ਨੂੰ ਚਲਾਉਣ ਦੇ ਤਰੀਕੇ ਦੀ ਜਾਣਕਾਰੀ ਹਾਸਲ ਕਰਨਗੇ। | -ਪਾਠ ਵਾਚਨ ਕਰਦੇ ਹਨ।<br>-ਪੰਛੀਆਂ ਪ੍ਰਤੀ ਸਹਿਣਸ਼ੀਲਤਾ ਰੱਖਦੇ ਹਨ।<br>-ਪ੍ਰਸ਼ਨ-ਉੱਤਰ ਲਿਖਦੇ ਹਨ।<br>-ਵਿਸ਼ੇਸ਼ਣ ਸ਼ਬਦਾਂ ਦੀ ਪਛਾਣ ਕਰਦੇ ਹਨ। | ਪਸ਼ੂ-ਪੰਛੀਆਂ ਦੇ ਚਿੱਤਰ ਬਣਵਾਉਣਾ।<br>-ਪੰਛੀਆਂ ਦੀ ਦੇਖਭਾਲ ਕਰਨ ਬਾਰੇ ਪੰਜ ਸਤਰਾਂ ਲਿਖਵਾਉਣਾ।<br>-ਵਿਸ਼ੇਸ਼ਣ ਦੀ ਪਰਿਭਾਸ਼ਾ ਸਮਝਾਉਣਾ ਅਤੇ ਸ਼ਬਦ ਚੁਣ ਕੇ ਕਾਪੀ ਉੱਤੇ ਲਿਖਵਾਉਣਾ। |
| **ਪਾਠ-12**<br>**ਟ੍ਰੈਫ਼ਿਕ ਰੈਲੀ**<br>**(ਕਹਾਣੀ)** | ਬੱਚਿਆਂ ਨੂੰ ਟ੍ਰੈਫ਼ਿਕ ਨਿਯਮਾਂ ਬਾਰੇ ਜਾਗਰੁਕ ਕਰਨਾ। | ਮਿਲਾਨ ਕਰੋ, ਕਿਰਿਆ। | -ਆਪਣੇ ਆਲੇ-ਦੁਆਲੇ ਪ੍ਰਤੀ ਚੇਤੰਨ ਹੋਣਗੇ। | -ਟ੍ਰੈਫ਼ਿਕ ਨਿਯਮਾਂ ਦੀ ਜਾਣਕਾਰੀ ਰੱਖਦੇ ਹਨ।<br>-ਦੂਜਿਆਂ ਨੂੰ ਵੀ ਟ੍ਰੈਫ਼ਿਕ ਨਿਯਮਾਂ ਦੀ ਜਾਣਕਾਰੀ ਦੇਣ | -ਵਿਦਿਆਰਥੀਆਂ ਨੂੰ ਵਿਸਥਾਰ ਸਹਿਤ ਟ੍ਰੈਫ਼ਿਕ ਨਿਯਮਾਂ ਤੋਂ ਜਾਣੂ ਕਰਵਾਉਣਾ। |

| | | | | | |
|---|---|---|---|---|---|
| | | | -ਸਾਥੀਆਂ ਨਾਲ ਮਿਲ-ਜੁਲ ਕੇ ਸਮੱਸਿਆਵਾਂ ਦਾ ਹੱਲ ਕੱਢਣਾ ਸਿੱਖਣਗੇ। | ਲਈ ਕੋਈ ਗਤੀਵਿਧੀ ਤਿਆਰ ਕਰਦੇ ਹਨ। | -ਟ੍ਰੈਫ਼ਿਕ ਨਿਯਮਾਂ ਦਾ ਚਾਰਟ ਬਣਵਾਉਣਾ।<br>-ਸਵੇਰ ਸਭਾ ਵਿੱਚ ਵਿਦਿਆਰਥੀਆਂ ਦੁਆਰਾ ਟ੍ਰੈਫ਼ਿਕ ਨਿਯਮਾਂ ਬਾਰੇ ਜਾਣਕਾਰੀ ਦੇਣਾ। |
| **ਪਾਠ-13**<br>**ਹੋਲੀ**<br>**(ਕਵਿਤਾ)** | ਹੋਲੀ ਦੇ ਤਿਉਹਾਰ ਅਤੇ ਉਸਨੂੰ ਮਨਾਉਣ ਬਾਰੇ ਵਰਨਣ ਹੈ। | ਤਸਵੀਰ ਵਰਨਣ। | -ਕਵਿਤਾ ਦਾ ਸੁਰ, ਲੈਅ, ਤਾਲ ਨਾਲ ਉਚਾਰਨ ਕਰ ਸਕਣਗੇ।<br>-ਹੋਲੀ ਤਿਉਹਾਰ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ। | -ਕਵਿਤਾ ਦਾ ਆਨੰਦ ਮਾਣਦੇ ਹਨ।<br>-ਤਿਉਹਾਰਾਂ ਦਾ ਜੀਵਨ ਵਿੱਚ ਮਹੱਤਵ ਸਮਝਦੇ ਹਨ। | -ਹੋਲੀ ਦੇ ਤਿਉਹਾਰ ਦੀ ਡਰਾਇੰਗ (ਤਸਵੀਰ) ਬਣਵਾਉਣਾ।<br>-ਵਿਦਿਆਰਥੀਆਂ ਦੇ ਮਨਪਸੰਦ ਤਿਉਹਾਰ ਬਾਰੇ ਉਹਨਾਂ ਵੱਲੋਂ ਜਮਾਤ ਵਿੱਚ ਜਾਣਕਾਰੀ ਦੇਣਾ। |
| **ਪਾਠ-14**<br>**ਮੋਤੀ**<br>**(ਕਹਾਣੀ)** | ਬੱਚਿਆਂ ਦਾ ਜਾਨਵਰਾਂ ਪ੍ਰਤੀ ਪਿਆਰ ਅਤੇ ਜਾਨਵਰਾਂ ਦੁਆਰਾ ਮਨੁੱਖਾਂ ਦਾ ਧਿਆਨ ਰੱਖਣ ਬਾਰੇ ਦਰਸਾਇਆ ਗਿਆ ਹੈ। | ਮਿਲਾਨ ਕਰੋ,<br>ਵਿਰੋਧੀ ਸ਼ਬਦ। | -ਕਹਾਣੀ ਦਾ ਵਿਸ਼ਾ-ਵਸਤੂ ਗ੍ਰਹਿਣ ਕਰ ਸਕਣਗੇ।<br>-ਪਾਲਤੂ ਜਾਨਵਰ ਨਾਲ ਸੰਬੰਧਤ ਕਿਸੇ ਘਟਨਾ ਬਾਰੇ ਜਮਾਤ ਵਿੱਚ ਚਰਚਾ ਕਰਣਗੇ। | -ਮਨੁੱਖਾਂ ਅਤੇ ਜਾਨਵਰਾਂ ਦੇ ਸਹਿ-ਅਸਤਿਤਵ ਬਾਰੇ ਸਿੱਖਦੇ ਹਨ।<br>-ਪਾਠ ਅਭਿਆਸ ਕਰਦੇ ਹਨ। | -ਵਿਦਿਆਰਥੀਆਂ ਤੋਂ ਉਹਨਾਂ ਦੇ ਮਨਪਸੰਦ ਪਾਲਤੂ ਜਾਨਵਰ ਦੀ ਸੰਭਾਲ ਕਰਨ ਬਾਰੇ ਪੁੱਛਣਾ।<br>-ਵਿਦਿਆਰਥੀਆਂ ਤੋਂ ਕਿਸੇ ਜਾਨਵਰ/ਪੰਛੀ ਉੱਤੇ ਆਧਾਰਿਤ ਕਹਾਣੀ ਸੁਣਨਾ।<br>-ਆਵਾਰਾ ਜਾਨਵਰਾਂ ਬਾਰੇ ਜਮਾਤੀ ਪੱਧਰ ‘ਤੇ ਵਾਦ-ਵਿਵਾਦ ਕਰਵਾਇਆ ਜਾ ਸਕਦਾ ਹੈ। |

| | | | | | |
|---|---|---|---|---|---|
| **ਪਾਠ-15 ਲੋਕਗੀਤ (ਸੁੰਦਰ-ਮੁੰਦਰੀਏ) ਸਿਰਫ਼ ਪੜ੍ਹਨ ਲਈ** | ਬੱਚਿਆਂ ਦੁਆਰਾ ਲੋਹੜੀ ਮੰਗਣ ਸਮੇਂ ਗਾਏ ਜਾਣ ਵਾਲੇ ਲੋਕਗੀਤ ਸੁੰਦਰ - ਮੁੰਦਰੀਏ ਦਾ ਵਰਨਣ ਹੈ। | ਤਸਵੀਰ ਵਰਨਣ। ਲੋਹੜੀ ਦੇ ਤਿਉਹਾਰ ਬਾਰੇ ਜਾਣਕਾਰੀ। | -ਲੋਕ ਗੀਤਾਂ ਬਾਰੇ ਜਾਣਨਗੇ।<br>-ਲੋਹੜੀ ਦੇ ਤਿਉਹਾਰ ਬਾਰੇ ਜਾਣਨਗੇ। | -ਲੋਕਗੀਤ ਨੂੰ ਯਾਦ ਕਰਕੇ ਗਾਉਂਦੇ ਹਨ। | -ਵਿਦਿਆਰਥੀਆਂ ਤੋਂ ਉਹਨਾਂ ਦੇ ਇਲਾਕੇ ਵਿੱਚ ਪ੍ਰਚੱਲਤ ਲੋਕਗੀਤ ਦੀ ਪੇਸ਼ਕਾਰੀ (ਅਰਥ/ਭਾਵਾਰਥ ਸਹਿਤ)<br>-ਲੋਹੜੀ/ਸੰਗਰਾਂਦ ਮਨਾਉਣ ਦਾ ਢੰਗ (ਪਰਿਵਾਰ ਵਿੱਚ) ਪੁੱਛਿਆ ਜਾ ਸਕਦਾ ਹੈ। |
| **ਪਾਠ ਅਭਿਆਸ ਵਿੱਚ ਦਰਜ ਵਿਆਕਰਨ ਤੋਂ ਵਧੀਕ ਵਿਆਕਰਨ ਦੇ ਪਹਿਲੂ** | | ਲੇਖ- ਦੀਵਾਲੀ,ਹੋਲੀ ਪੱਤਰ- ਆਪਣੇ ਸਕੂਲ ਮੁਖੀ ਨੂੰ ਜ਼ਰੂਰੀ ਕੰਮ ਦੀ ਛੁੱਟੀ ਲੈਣ ਲਈ ਬਿਨੈ-ਪੱਤਰ ਲਿਖੋ। ਅਣਡਿੱਠਾ ਪੈਰਾ, ਚਿੱਤਰ/ਦ੍ਰਿਸ਼ ਵਰਨਣ। | -ਵਿਆਕਰਨ ਦੇ ਵੱਖ-ਵੱਖ ਰੂਪਾਂ ਦੀ ਜਾਣਕਾਰੀ ਹਾਸਲ ਕਰਨਗੇ।<br>-ਵੱਖ-ਵੱਖ ਵਿਆਕਰਨਕ ਇਕਾਈਆਂ ਵਿਚਲੇ ਅੰਤਰ ਨੂੰ ਸਮਝ ਸਕਣਗੇ।<br>-ਵਿਹਾਰਕ ਵਿਆਕਰਨ ਦਾ ਅਭਿਆਸ ਕਰਨਗੇ। | -ਲੇਖ ਅਤੇ ਪੱਤਰ ਦਾ ਫਾਰਮੇਟ ਸਮਝਦੇ ਹਨ।<br>-ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਹਨ।<br>-ਚਿੱਤਰ ਵਰਨਣ ਕਰਦੇ ਹਨ। | -ਲੇਖ ਅਤੇ ਪੱਤਰ ਦਾ ਫਾਰਮੇਟ ਸਮਝਾਉਣਾ।<br>-ਅਣਡਿੱਠਾ ਪੈਰਾ ਦੇ ਕੇ ਪ੍ਰਸ਼ਨਾਂ ਦੇ ਉੱਤਰ ਲਿਖਣ ਵਿੱਚ ਸਹਾਇਤਾ ਕਰਨੀ।<br>-ਕੋਈ ਚਿੱਤਰ ਦੇ ਕੇ ਵਰਨਣ ਕਰਨ ਦਾ ਅਭਿਆਸ ਕਰਾਉਣਾ। |

- **ਉਪਰੋਕਤ ਪਾਠਕ੍ਰਮ 31 ਜਨਵਰੀ 2026 ਤੱਕ ਪੂਰਾ ਕਰ ਲਿਆ ਜਾਵੇ। ਪਾਠਕ੍ਰਮ ਪੂਰਾ ਹੋਣ ਉਪਰੰਤ ਦੁਹਰਾਈ ਕਰਵਾਈ ਜਾਵੇ।**
- **ਸਲਾਨਾ ਪ੍ਰੀਖਿਆ ਵਿੱਚ ਪੂਰੇ ਪਾਠਕ੍ਰਮ ਦਾ ਮੁਲਾਂਕਣ ਕੀਤਾ ਜਾਵੇਗਾ।**